# York Region District School Board

## ਦੇ ਸਿੱਖਿਆ ਡਾਇਰੈਕਟਰ ਲਈ ਕਾਰਜਕਰਣੀ ਖੋਜ

### ਭੂਮਿਕਾ

ਅਸੀਂ ਖੁਦ ਦੀ ਜਾਣ ਪਹਿਚਾਣ ਅਤੇ ਨਵੇਂ ਸਿੱਖਿਆ ਡਾਇਰੈਕਟਰ ਲਈ York Region District School Board ਨਾਲ ਮਿਲ ਕੇ ਜੋ ਅਸੀਂ ਕਾਰਜਕਰਣੀ ਖੋਜ ਆਰੰਭ ਕਰ ਰਹੇ ਹਾਂ, ਉਸ ਬਾਰੇ ਥੋੜਾ ਗਿਆਨ ਸਾਂਝਾ ਕਰਨ ਲਈ ਇੱਕ ਪਲ ਲੈਣਾ ਚਾਹਾਂਗੇ।

Phelpsgroup ਸਕੂਲ ਬੋਰਡਾਂ, ਯੂਨੀਵਰਸਿਟੀਆਂ, ਕਾਲਜਾਂ, ਸਰਕਾਰਾਂ, ਹਸਪਤਾਲਾਂ, ਕਰਾਊਨ ਕਾਰਪੋਰੇਸ਼ਨਾਂ, ਰੈਗੂਲੇਟੋਰੀ ਬਾਡੀਆਂ, ਅਤੇ ਸਬੰਧਿਤ ਪ੍ਰੋਫੈਸ਼ਨਲ ਐਸੋਸੀਏਸ਼ਨਾਂ ਸਮੇਤ ਸਮੁੱਚੇ ਪਬਲਿਕ ਸੈਕਟਰ ਲਈ 30 ਸਾਲਾਂ ਦੇ ਸੀਨੀਅਰ ਅਧਿਕਾਰੀ ਲੱਭਣ ਅਤੇ ਪ੍ਰਤਿਭਾ ਪ੍ਰਬੰਧਨ ਦੇ ਅਨੁਭਵ ਵਾਲੀ ਇੱਕ ਕਾਰਜਕਰਣੀ ਖੋਜ ਕੰਪਨੀ ਹੈ। ਸਾਨੂੰ ਪੂਰੇ ਉਂਟੇਰੀਓ ਭਰ ਵਿੱਚ ਲਾਮਿਸਾਲ ਲੀਡਰਾਂ ਨੂੰ ਰੋਚਕ ਅਤੇ ਸ਼ਕਤੀਸ਼ਾਲੀ ਅਵਸਰਾਂ ਨਾਲ ਜੋੜਨ ਦਾ ਸੁਭਾਗ ਰਿਹਾ ਹੈ।

ਨਵੇਂ ਸਿੱਖਿਆ ਡਾਇਰੈਕਟਰ ਦੀ ਭਰਤੀ ਅਤੇ ਚੋਣ ਕਰਨ ਵਿੱਚ ਮਦਦ ਦੇਣ ਲਈ Phelpsgroup ਦੇ Joan Green, Heather Connelly, Jayson Phelps ਅਤੇ Frank Markel ਨੂੰ York Region District School Boards ਦੇ Board of Trustees ਦੀ ਖੋਜ ਕਮੇਟੀ ਨਾਲ ਕੰਮ ਕਰਨ ਲਈ ਰੱਖਿਆ ਗਿਆ ਹੈ। ਬਹੁਤ ਵਿਭਿੰਨ ਵੱਸੋਂ ਅਤੇ ਲੀਡਰਾਂ ਲਈ ਬਦਲਦੇ ਰੋਲਾਂ ਅਤੇ ਜ਼ੁੰਮੇਵਾਰੀਆਂ ਦੇ ਸਮੇਂ ਵਿੱਚ, ਇਹ ਯਕੀਨੀ ਬਣਾਉਣਾ ਹੋਰ ਵੀ ਮਹੱਤਵਪੂਰਣ ਹੈ ਕਿ ਵਿੱਦਿਆਰਥੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਅਤੇ ਨਾਗਰਿਕਾਂ ਦੇ ਹਿੱਤਾਂ ਦੀ ਸੇਵਾ ਅਤੇ ਸਮਾਜ ਦੀ ਬਿਹਤਰੀ ਕਰਨ ਲਈ ਕੰਮ ਕਰਨ ਵਾਲੇ ਸਕੂਲ ਬੋਰਡ ਦੀ ਅਗਵਾਈ ਸਹੀ ਗੁਣਾਂ, ਪ੍ਰਤੀਬੱਧਤਾ ਅਤੇ ਚਰਿੱਤਰ ਵਾਲੇ ਆਗੂਆਂ ਦੁਆਰਾ ਕੀਤੀ ਜਾਵੇ। ਵਧੇਰੇ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਜਮਾਨੇ ਵਿੱਚ, ਲੀਡਰਸ਼ਿੱਪ ਦਾ ਮਿਸਾਲੀ, ਇਮਾਨਦਾਰ ਅਤੇ ਉੱਨਤ-ਪਸੰਦ ਹੋਣਾ ਲਾਜ਼ਮੀ ਹੈ।

York Region District School Board ਦਾ ਇਹ ਇਕਰਾਰ ਬੋਰਡ, ਦੇ ਅੰਦਰ ਕੰਮ ਕਰਨ ਵਾਲਿਆਂ ਅਤੇ ਇਸ ਨਾਲ ਜੁੜੇ ਸਾਰਿਆਂ ਲਈ ਇੱਕ ਵੱਡੀ ਲੀਡਰਸ਼ਿੱਪ ਤਬਦੀਲੀ ਦਾ ਸੂਚਕ ਹੈ। ਇਸ ਲਈ ਇਹ ਬਹੁਤ ਅਹਿਮ ਹੈ ਕਿ ਅਸੀਂ ਇਸ ਅਵਸਰ/ਪੁਜੀਸ਼ਨ (ਜ਼ੁੰਮੇਵਾਰੀ ਅਤੇ ਉਮੀਦਵਾਰ ਦਾ ਰੇਖਾ ਚਿੱਤਰ) ਲਈ ਸਲਾਹ ਮਸ਼ਵਰੇ ਵਾਸਤੇ ਵੱਧ ਤੋਂ ਵੱਧ ਗਿਣਤੀ ਵਿੱਚ ਲੋਕਾਂ ਤੱਕ ਪਹੁੰਚ ਕਰੀਏ। ਜੇਕਰ ਤੁਸੀਂ ਸਾਡੇ ਨਾਲ ਸਿੱਧੀ  ਗੱਲ ਕਰਨੀ ਪਸੰਦ ਕਰਦੇ ਹੋ, ਕ੍ਰਿਪਾ ਕਰਕੇ Frank Markel ਨਾਲ ਈ ਮੇਲ fmarkel@phelpsgroup.ca ਰਾਹੀਂ ਜਾਂ ਫੋਨ 416 364-6229 ਐਕਸਟੈਨਸ਼ਨ 107 ਉੱਤੇ ਸੰਪਰਕ ਕਰੋ।

ਇਸ ਸਰਵੇਖਣ ਰਾਹੀਂ, ਅਸੀਂ ਨਵੇਂ ਸਿੱਖਿਆ ਡਾਇਰੈਕਟਰ ਲਈ ਹੋਣ ਵਾਲੀਆਂ ਜ਼ੁੰਮੇਵਾਰੀਆਂ ਬਾਰੇ ਅਤੇ ਲੀਡਰਸ਼ਿੱਪ ਦੇ ਗੁਣਾਂ, ਖਾਸਿਆਂ, ਅਨੁਭਵਾਂ ਬਾਰੇ ਸਲਾਹ ਮੰਗ ਰਹੇ ਹਾਂ ਜਿਹੜੇ ਸਾਨੂੰ ਇਸ ਪੁਜੀਸ਼ਨ ਲਈ ਉਮੀਦਵਾਰਾਂ ਵਿੱਚ ਵੇਖਣੇ ਚਾਹੀਦੇ ਹਨ। ਕ੍ਰਿਪਾ ਕਰਕੇ ਨੋਟ ਕਰੋ ਕਿ ਇਹ ਸਰਵੇਖਣ ਗੁਪਤ ਰੱਖਿਆ ਜਾਵੇਗਾ ਅਤੇ ਅਸੀਂ ਸੱਭਨਾਂ ਹੁੰਗਾਰਾ ਦੇਣ ਵਾਲਿਆਂ ਨੂੰ ਮੁਕੰਮਲ ਗੁਪਤ ਰੱਖਣ ਦਾ ਭਰੋਸਾ ਦੇਂਦੇ ਹਾਂ।

## York Region District School Board

### ਦੇ ਸਿੱਖਿਆ ਡਾਇਰੈਕਟਰ ਲਈ ਕਾਰਜਕਰਣੀ ਖੋਜ

ਉਹਨਾਂ ਤੱਥਾਂ ਦੇ ਪਰੀਪੇਖ ਤੋਂ ਕੰਮ ਕਰਦੇ ਹੋਏ ਜਿਹੜੇ ਨਵੇਂ ਸਿੱਖਿਆ ਡਾਇਰੈਕਟਰ ਨੂੰ ਵਿੱਦਿਆਰਥੀ ਦੀ ਪ੍ਰਾਪਤੀ ਅਤੇ ਬਿਹਤਰੀ ਯਕੀਨੀ ਬਣਾਉਣ ਦੇ ਯੋਗ ਬਣਾਉਣਗੇ, ਇਹ ਜਾਣਕਾਰੀ ਤੁਹਾਡੇ Board's Director of Education Selection Committee ਨੂੰ ਤੁਹਾਡੇ ਵਿਚਾਰ ਸਮਝਣ ਵਿੱਚ ਮਦਦ ਕਰੇਗੀ:

- ਨਵੇਂ ਸਿੱਖਿਆ ਡਾਇਰੈਕਟਰ ਦੀ ਭੂਮਿਕਾ ਅਤੇ ਆਦੇਸ਼
- ਨਵੇਂ ਸਿੱਖਿਆ ਡਾਇਰੈਕਟਰ ਦੇ ਧਿਆਨਯੋਗ ਮੁੱਖ ਅਵਸਰ
- ਬੋਰਡ ਦੀਆਂ ਸਮਰੱਥਾਵਾਂ ਜੋ ਨਵੇਂ ਸਿੱਖਿਆ ਡਾਇਰੈਕਟਰ ਨੂੰ ਸਫ਼ਲ ਹੋਣ ਵਿੱਚ ਮਦਦ ਕਰਨਗੀਆਂ
- York Region District School Board ਦਾ ਮਿਸ਼ਨ, ਦੂਰਦ੍ਰਿਸ਼ਟੀ ਅਤੇ ਕਦਰਾਂ ਕੀਮਤਾਂ
- ਪਹਿਲੇ 18 ਮਹੀਨਿਆਂ ਵਿੱਚ ਡਾਇਰੈਕਟਰ ਦੇ ਕੰਮ ਦੀ ਸਫ਼ਲਤਾ ਦੇ ਸੰਕੇਤ
- ਇੱਕ ਸਫ਼ਲ ਉਮੀਦਵਾਰ ਵਿੱਚ ਲੋੜੀਂਦੇ ਲੀਡਰਸ਼ਿੱਪ ਲੱਛਣ

ਦੁਬਾਰਾ, ਸਾਰੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇਗਾ। ਜੇਕਰ ਸਰਵੇਖਣ ਮੁਕੰਮਲ ਕਰਨ ਤੋਂ ਬਾਅਦ ਤੁਹਾਡੇ ਹੋਰ ਵਿਚਾਰ ਹੋਣ, ਕ੍ਰਿਪਾ ਕਰਕੇ ਈ ਮੇਲ ਕਰੋ ਜਾਂ ਦਿੱਤੀ ਗਈ ਜਾਣਕਾਰੀ ਉੱਤੇ ਸਾਡੇ ਨਾਲ ਸਿੱਧਾ ਸੰਪਰਕ ਕਰੋ।

17 ਸਤੰਬਰ 2017 ਤੱਕ ਪ੍ਰਾਪਤ ਹੋਏ ਹੁੰਗਾਰਿਆਂ ਨੂੰ ਸਿੱਖਿਆ ਡਾਇਰੈਕਟਰ ਦੀ ਜੌਬ ਦਾ ਸ਼ੁਰੂਆਤੀ ਖਾਕਾ ਅਤੇ ਉਮੀਦਵਾਰ ਦੀ ਰੂਪ ਰੇਖਾ ਤਿਆਰ ਲਈ ਵਰਤਿਆ ਜਾਵੇਗਾ। ਇਸ ਤਰੀਕ ਤੋਂ ਬਾਅਦ ਅਤੇ 1 ਅਕਤੂਬਰ 2017 ਤੋਂ ਪਹਿਲਾਂ ਪ੍ਰਾਪਤ ਹੋਏ ਹੁੰਗਾਰਿਆਂ ਨੂੰ ਟਰੱਸਟੀਆਂ ਦੀ ਜਾਣਕਾਰੀ ਵਾਸਤੇ ਸਾਂਝਾ ਕੀਤਾ ਜਾਵੇਗਾ।

ਧੰਨਵਾਦ।

Joan Green
Partner
Phelpsgroup

Heather Connelly
Partner
Phelpsgroup

Jayson Phelps
Partner
Phelpsgroup

Frank Markel
Partner
Phelpsgroup

## York Region District School Board

## ਦੇ ਸਿੱਖਿਆ ਡਾਇਰੈਕਟਰ ਲਈ ਕਾਰਜਕਰਣੀ ਖੋਜ

### ਪ੍ਰਸ਼ਨ

1. York Region District School Board ਦੀ ਕਿਸ ਚੀਜ ਬਾਰੇ ਤੁਹਾਨੂੰ ਸੱਭ ਤੋਂ ਵੱਧ ਮਾਣ ਹੁੰਦਾ ਹੈ? ਤੁਸੀਂ ਬੋਰਡ ਦੀ ਸੱਭ ਤੋਂ ਵੱਡੀ ਤਾਕਤ ਕਿਸ ਚੀਜ ਨੂੰ ਮੰਨਦੇ ਹੋ?

2. York Region District School Board ਨੂੰ ਸੱਭ ਤੋਂ ਵੱਧ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ? ਇਹ ਚੁਣੌਤੀਆਂ ਕਿਸ ਹੱਦ ਤੱਕ ਨਵੇਂ ਡਾਇਰੈਕਟਰ ਲਈ ਅਵਸਰ ਪੈਦਾ ਕਰਦੀਆਂ ਹਨ?

## York Region District School Board

## ਦੇ ਸਿੱਖਿਆ ਡਾਇਰੈਕਟਰ ਲਈ ਕਾਰਜਕਰਣੀ ਖੋਜ

3. ਜਦੋਂ ਤੁਸੀਂ York Region District School Board ਦੇ ਮਿਸ਼ਨ, ਦੂਰਦ੍ਰਿਸ਼ਟੀ, ਕਦਰਾਂ ਕੀਮਤਾਂ ਅਤੇ ਰਣਨੀਤਕ ਯੋਜਨਾ ਨੂੰ ਘੋਖਦੇ ਹੋ, ਤੁਹਾਨੂੰ ਕਿਹੜੀ ਚੀਜ਼ ਸੱਭ ਤੋਂ ਵੱਧ ਉਤੇਜਤ ਕਰਦੀ ਹੈ?

*ਮਿਸ਼ਨ, ਦੂਰਦ੍ਰਿਸ਼ਟੀ ਅਤੇ ਕਦਰਾਂ ਕੀਮਤਾਂ ਲਈ : http://www.yrdsb.ca/AboutUs/Pages/Mission-Vision-values.aspx*
*ਰਣਨੀਤਕ ਯੋਜਨਾ ਲਈ : http://www.yrdsb.ca/AboutUs/BoardPlans/Pages/MYP-Goals.aspx*

4. ਇਸ ਪੁਜ਼ੀਸ਼ਨ ਦਾ Ontario College of Teachers ਕੋਲ ਚੰਗਾ ਦਰਜ਼ਾ ਹੋਣਾ ਚਾਹੀਦਾ ਹੈ ਅਤੇ ਸੁਪਰਵਾਈਜ਼ਰੀ ਅਫ਼ਸਰ ਵਾਲੀਆਂ ਯੋਗਤਾਵਾਂ ਹੋਣ। ਕ੍ਰਿਪਾ ਕਰਕੇ ਇਹ ਨੋਟ ਕੀਤੀ ਜਾਵੇ ਕਿ ਸਿੱਖਿਆ ਅਤੇ ਪਿਛੋਕੜ ਦੇ ਅਨੁਭਵ ਦੇ ਹਵਾਲੇ ਨਾਲ ਕੀ ਚੀਜ਼ ਮਹੱਤਪੂਵਰਣ ਹੈ।

**ਸਿੱਖਿਆ**

**ਪਿਛੋਕੜ ਦਾ ਅਨੁਭਵ**

## York Region District School Board

## ਦੇ ਸਿੱਖਿਆ ਡਾਇਰੈਕਟਰ ਲਈ ਕਾਰਜਕਰਣੀ ਖੋਜ

5. ਕ੍ਰਿਪਾ ਕਰਕੇ ਹੇਠ ਲਿਖੇ ਲੱਛਣਾਂ "ਹੋਣਾ ਲਾਜ਼ਮੀ", "ਹੋਣਾ ਚਾਹੀਦੈ" ਜਾਂ "ਹੋਣਾ ਚੰਗਾ ਹੈ" ਥੱਲੇ ਆਪਣੀ ਪਹਿਲ ਦਾ ਸੰਕੇਤ ਕਰੋ।

| | ਹੋਣਾ ਲਾਜ਼ਮੀ | ਹੋਣਾ ਚਾਹੀਦੈ | ਹੋਣਾ ਚੰਗਾ ਹੈ |
|---|---|---|---|
| ਵੱਧ ਇਮਾਨਦਾਰੀ | | | |
| ਵਿੱਦਿਆਰਥੀ ਦੀ ਪ੍ਰਾਪਤੀ ਅਤੇ ਬਿਹਤਰੀ ਪ੍ਰਤੀ ਵਚਨਬੱਧ | | | |
| ਭਰੋਸੇਲਾਇਕ | | | |
| ਬਿਹਤਰਹੀਨ ਸੰਚਾਰਕ | | | |
| ਜੋਸ਼ੀਲਾ | | | |
| ਪ੍ਰਤੀਬੱਧਤਾਵਾਂ ਨੂੰ ਪੂਰਾ ਕਰਨ ਵਾਲਾ | | | |
| ਭਾਈਵਾਲੀਆਂ ਪੈਦਾ ਕਰਨ ਵਾਲਾ | | | |
| ਸਮਾਜਿਕ ਪਹੁੰਚ ਵਾਲਾ | | | |

6. ਸਫ਼ਲਤਾ ਦੇ ਉਹ ਕਿਹੜੇ ਸੰਕੇਤ ਹਨ ਜਿਹੜੇ ਤੁਸੀਂ Education of the York Region District School Board ਦੇ ਸਿੱਖਿਆ ਡਾਇਰੈਕਟਰ ਦੇ ਕੰਮ ਦੇ ਪਹਿਲੇ 18 ਮਹੀਨਿਆਂ ਵਿੱਚ ਇਹ ਦਰਸਾਉਣ ਲਈ ਵੇਖਣਾ ਚਾਹੋਗੇ ਕਿ ਡਾਇਰੈਕਟਰ ਦਾ ਕੰਮ ਉਮੀਦਵਾਰ ਦੀ ਪ੍ਰਾਪਤੀ ਅਤੇ ਬਿਹਤਰੀ ਉੱਤੇ ਹਾਂ ਪੱਖੀ ਪ੍ਰਭਾਵ ਪਾ ਰਿਹਾ ਹੈ?

## York Region District School Board

## ਦੇ ਸਿੱਖਿਆ ਡਾਇਰੈਕਟਰ ਲਈ ਕਾਰਜਕਰਣੀ ਖੋਜ

7. ਤੁਸੀਂ ਕੀ ਵੇਖਣਾ ਚਾਹੋਗੇ ਜੋ ਦਰਸਾਵੇ ਕਿ ਡਾਇਰੈਕਟਰ ਕਮਿਊਨਿਟੀ ਵਿੱਚ ਹਾਂ–ਪੱਖੀ ਸਬੰਧ ਕਾਇਮ ਕਰ ਰਿਹਾ ਹੈ?

| |
|---|
| |

8. ਕ੍ਰਿਪਾ ਕਰਕੇ ਸੰਕੇਤ ਦਿਓ ਕਿ ਤੁਸੀਂ ਹੋ:

- ☐ ਟਰੱਸਟੀ
- ☐ ਸੀਨੀਅਰ ਪ੍ਰਸ਼ਾਸ਼ਨ/ਸਿੱਖਿਆ ਡਾਇਰੈਕਟਰ ਨੂੰ ਸਿੱਧੀ ਰਿਪੋਰਟ
- ☐ ਪ੍ਰਿੰਸੀਪਲ
- ☐ ਮੈਨੇਜਰ
- ☐ ਅਧਿਆਪਕ
- ☐ ਸਹਿਯੋਗੀ ਅਮਲਾ
- ☐ ਵਿੱਦਿਆਰਥੀ
- ☐ ਮਾਪੇ/ਸ੍ਰਪਰਸਤ
- ☐ ਸਮਾਜਿਕ ਏਜੰਸੀ/ਸੰਸਥਾ
- ☐ ਯੂਨੀਅਨ/ਐਸੋਸੀਏਸ਼ਨ ਲੀਡਰਸ਼ਿੱਪ
- ☐ ਬੋਰਡ ਦੀ ਸਲਾਹਕਾਰ ਕਮੇਟੀ (SEAC, EIAC, PEAC)
- ☐ ਬਾਹਰਲੇ ਸਾਂਝੀਦਾਰ/ਭਾਈਵਾਲ
- ☐ ਹੋਰ

**York Region District School Board**

**ਦੇ ਸਿੱਖਿਆ ਡਾਇਰੈਕਟਰ ਲਈ ਕਾਰਜਕਰਣੀ ਖੋਜ**

9. ਕੀ ਕੋਈ ਅਜਿਹੇ ਵਿਅਕਤੀ ਹਨ ਜਿਹਨਾਂ ਬਾਰੇ ਤੁਸੀਂ ਸੁਝਾਅ ਦੇਵੋਗੇ ਕਿ ਅਸੀਂ ਸੰਭਾਵੀ ਉਮੀਦਵਾਰ ਵਜੋਂ ਪਹੁੰਚ ਕਰੀਏ? ਜੇਕਰ ਹਾਂ, ਕ੍ਰਿਪਾ ਕਰਕੇ ਥੱਲੇ ਉਹਨਾਂ ਦੇ ਨਾਮ ਅਤੇ ਸੰਪਰਕ ਜਾਣਕਾਰੀ ਪ੍ਰਦਾਨ ਕਰੋ?

*ਸੁਆਲਾਂ ਦੇ ਜਵਾਬ ਦੇਣ ਲਈ ਸਮਾਂ ਕੱਢਣ ਵਾਸਤੇ ਧੰਨਵਾਦ।*

Joan, Heather, Jayson ਅਤੇ Frank
Phelpsgroup